19-Oct-3st-7-8-Pages.qxd 10/19/2025 9:30 PM Page 1

ਆਨਲਾਈਨ ਨਿਵੇਸ਼ ਦੇ ਨਾਂਅ 'ਤੇ ਕਰੋੜਾਂ ਰੁਪਏ ਦੀ ਠੱਗੀ ਦੇ ਮਾਮਲੇ ਵਿਚ ਦੋ ਵਿਅਕਤੀ ਕਾਬੂ

ਚੰਡੀਗੜ੍ਹ, 19 ਅਕਤੂਬਰ (ਕਪਿਲ ਵਧਵਾ)- ਚੰਡੀਗੜ੍ਹ ਸਾਈਬਰ ਸੈੱਲ ਨੇ ਆਨਲਾਈਨ ਨਿਵੇਸ਼ ਦੇ ਨਾਂ 'ਤੇ ਕਰੋੜਾਂ ਰੁਪਏ ਦੀ ਠੱਗੀ ਦੇ ਮਾਮਲੇ ਵਿਚ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਮੱਧ ਪ੍ਰਦੇਸ਼ ਦੇ ਉਜੈਨ ਵਾਸੀ ਦਿਪੇਸ਼ ਮਾਕੁਵਾਨਾ ਅਤੇ ਇੰਦੌਰ ਵਾਸੀ ਰਾਜਕੁਮਾਰ ਪਾਂਡੇ ਵਜੋਂ ਹੋਈ ਹੈ। ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਮਾਮਲੇ ਸਬੰਧੀ ਬੀ. ਐਨ. ਐੱਸ. ਦੀ ਧਾਰਾ 318(4), 319(2), 338(336)(3), 340(2), 61(2) ਅਧੀਨ ਸੈਕਟਰ-17 ਦੇ ਥਾਣਾ ਸਾਈਬਰ ਕ੍ਰਾਈਮ 'ਚ ਮਾਮਲਾ ਦਰਜ ਕੀਤਾ ਗਿਆ ਸੀ। ਸ਼ਿਕਾਇਤਕਰਤਾ ਮਹਿਲਾ ਨੇ ਪੁਲਿਸ ਨੂੰ ਸ਼ਿਕਾਇਤ ਦਿੱਤੀ ਕਿ ਕੁੱਝ ਲੋਕਾਂ ਨੇ ਉਸ ਨਾਲ ਫ਼ਰਜ਼ੀ ਆਨਲਾਈਨ ਟਰੇਡਿੰਗ ਪਲੇਟਫ਼ਾਰਮ ਰਾਹੀਂ ਲਗਭਗ 2.87 ਕਰੋੜ ਰੁਪਏ ਦੀ ਠੱਗੀ ਕੀਤੀ। ਮੁਲਜ਼ਮਾਂ ਨੇ ਆਪਣੀ ਕੰਪਨੀ ਨੂੰ ਆਰ. ਬੀ. ਆਈ. ਤੇ ਸੇਬੀ ਤੋਂ ਰਜਿਸਟਰਡ ਅਤੇ ਹੋਰ ਸਰਕਾਰੀ ਸੰਸਥਾਵਾਂ ਨਾਲ ਰਜਿਸਟਰ ਹੋਣ ਦਾ ਦਾਅਵਾ ਕਰਕੇ ਲੋਕਾਂ ਦਾ ਭਰੋਸਾ ਜਿੱਤਦੇ ਸਨ ਤੇ ਇਕ ਸਕੀਮ 'ਚ ਨਿਵੇਸ਼ ਕਰਨ ਦਾ ਲਾਲਚ ਦਿੰਦੇ ਸਨ। ਪੁਲਿਸ ਜਾਂਚ 'ਚ ਸਾਹਮਣੇ ਆਇਆ ਕਿ ਇਹ ਗਿਰੋਹ ਮੱਧ ਪ੍ਰਦੇਸ਼ ਦੇ ਇੰਦੌਰ ਤੋਂ ਆਪਣੀ ਸਾਰੀ ਕਾਰਵਾਈ ਚਲਾਉਂਦਾ ਸੀ। ਠੱਗੇ ਹੋਏ ਪੈਸੇ ਦੇਸ਼ ਭਰ ਦੇ ਵੱਖ-ਵੱਖ ਬੈਂਕ ਖਾਤਿਆਂ ਰਾਹੀਂ ਇਕੱਠੇ ਕੀਤੇ ਜਾਂਦੇ ਸਨ। ਪੁਲਿਸ ਦੇ ਹੱਥ ਲੱਗੇ ਵਾਟਸਐਪ ਚੈਟ, ਬੈਂਕ ਲੈਣ-ਦੇਣ ਤੇ ਤਕਨੀਕੀ ਸਬੂਤਾਂ ਤੋਂ ਸੁਪੱਸ਼ਟ ਹੋਇਆ ਕਿ ਠੱਗੀ ਦਾ ਪੂਰਾ ਨੈੱਟਵਰਕ ਇੰਦੌਰ ਤੋਂ ਓਪਰੇਟ ਕੀਤਾ ਜਾ ਰਿਹਾ ਸੀ। ਉਜੈਨ ਦੇ ਨਾਗਝਿਰੀ ਖੇਤਰ 'ਚ ਛਾਪੇਮਾਰੀ ਦੌਰਾਨ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਨੇ ਉਨ੍ਹਾਂ ਤੋਂ ਦੋ ਮੋਬਾਈਲ ਫ਼ੋਨ ਬਰਾਮਦ ਕੀਤੇ ਹਨ। ਰਾਜਕੁਮਾਰ ਪਾਂਡੇ ਤੋਂ ਮਿਲਿਆ ਸੈਮਸੰਗ ਗੈਲੇਕਸੀ ਐੱਸ-22 ਮੋਬਾਈਲ ਫੋਨ ਬੰਧਨ ਬੈਂਕ ਦੇ ਖਾਤੇ ਨਾਲ ਜੁੜਿਆ ਹੋਇਆ ਸੀ। ਮੋਬਾਈਲ ਦੀ ਜਾਂਚ 'ਚ ਖ਼ੁਲਾਸਾ ਹੋਇਆ ਕਿ ਇਸ ਖਾਤੇ 'ਚ ਲਗਭਗ 20 ਲੱਖ ਠੱਗੀ ਰਕਮ ਜਮ੍ਹਾ ਕੀਤੀ ਗਈ ਸੀ। ਪੁਲਿਸ ਮੁਲਜ਼ਮਾਂ ਤੋਂ ਹੋਰ ਪੁੱਛਗਿੱਛ ਕਰ ਰਹੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਸ ਗਿਰੋਹ 'ਚ ਹੋਰ ਕੌਣ ਸ਼ਾਮਲ ਹੈ ਅਤੇ ਠੱਗੀ ਦੀ ਰਕਮ ਅੱਗੇ ਕਿਹੜੇ ਖਾਤਿਆਂ 'ਚ ਭੇਜੀ ਗਈ ਸੀ।

ਚੰਡੀਗੜ੍ਹ ਪੁਲਿਸ ਵਲੋਂ ਆਨਲਾਈਨ ਠੱਗੀ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ। ਤਸਵੀਰ ਕਮਲਜੀਤ ਸਿੰਘ

ਸੀ. ਜੀ. ਸੀ. ਯੂਨੀਵਰਸਿਟੀ ਮੁਹਾਲੀ ਦੇ ਚਾਂਸਲਰ ਦੀ ਅਗਵਾਈ ਹੇਠ ਲੋੜਵੰਦ ਬੱਚਿਆਂ ਨਾਲ ਮਨਾਈ ਗਰੀਨ ਦੀਵਾਲੀ

ਐੱਸ. ਏ. ਐੱਸ. ਨਗਰ, 19 ਅਕਤੂਬਰ (ਤਰਵਿੰਦਰ ਸਿੰਘ ਬੈਨੀਪਾਲ)-ਸੀ. ਜੀ. ਸੀ. ਯੂਨੀਵਰਸਿਟੀ ਮੁਹਾਲੀ ਦੇ ਸੰਸਥਾਪਕ ਚਾਂਸਲਰ ਰਸ਼ਪਾਲ ਸਿੰਘ ਧਾਲੀਵਾਲ ਦੀ ਅਗਵਾਈ ਹੇਠ 'ਦਿ ਗ੍ਰੇਟ ਨਵ-ਭਾਰਤ ਮਿਸ਼ਨ ਫਾਊਂਡੇਸ਼ਨ' ਦੇ ਬੈਨਰ 'ਉੱਜਵਲ ਦੀਵਾਲੀ' ਤਹਿਤ ਲੋੜਵੰਦ ਬੱਚਿਆਂ ਨਾਲ ਗਰੀਨ ਦੀਵਾਲੀ ਮਨਾਈ ਗਈ। ਇਹ ਨੇਕ ਯਤਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਵੋਕਲ ਫਾਰ ਲੋਕਲ' ਦੇ ਦ੍ਰਿਸ਼ਟੀਕੋਣ ਅਤੇ ਸਵਦੇਸ਼ੀ ਅੰਦੋਲਨ ਨੂੰ ਮੁੱਖ ਰੱਖਦਿਆਂ ਕੀਤਾ ਗਿਆ। ਇਸ ਪ੍ਰੋਗਰਾਮ ਨੇ ਵਾਤਾਵਰਨ ਦੀ ਜ਼ਿੰਮੇਵਾਰੀ ਅਤੇ ਸਮਾਜਿਕ ਸਦਭਾਵਨਾ ਨੂੰ ਉਤਸ਼ਾਹਿਤ ਕਰਦੇ ਹੋਏ ਲੋੜਵੰਦ ਪਰਿਵਾਰਾਂ 'ਚ ਸਵਦੇਸ਼ੀ ਦੀਵੇ, ਮਠਿਆਈਆਂ, ਬਰਤਨ ਅਤੇ ਤਿਉਹਾਰਾਂ ਦੀਆਂ ਜ਼ਰੂਰੀ ਵਸਤੂਆਂ ਵੰਡ ਕੇ ਵਾਤਾਵਰਨ ਅਨੁਕੂਲ ਦੀਵਾਲੀ ਨੂੰ ਉਤਸ਼ਾਹਿਤ ਕੀਤਾ। ਇਸ ਪਹਿਲਕਦਮੀ ਨੇ 300 ਤੋਂ ਵੱਧ ਪਰਿਵਾਰਾਂ ਦੇ ਚਿਹਰਿਆਂ 'ਤੇ ਮੁਸਕਾਨ ਲਿਆਂਦੀ। ਇਸ ਮੌਕੇ ਇਹ ਯਕੀਨੀ ਬਣਾਇਆ ਗਿਆ ਕਿ ਦੀਵਾਲੀ ਦੀ ਚਮਕ ਹਰ ਘਰ ਅਤੇ ਦਿਲ ਤੱਕ ਪਹੁੰਚੇ। ਇਸ ਉਪਰਾਲੇ ਦੌਰਾਨ ਫਾਊਂਡੇਸ਼ਨ ਦੇ ਵਲੰਟੀਅਰਾਂ ਨੇ ਬੱਚਿਆਂ ਅਤੇ ਪਰਿਵਾਰਾਂ ਨਾਲ ਮਠਿਆਈਆਂ, ਕਹਾਣੀਆਂ ਅਤੇ ਖੁਸ਼ੀ ਦੇ ਪਲ ਸਾਂਝੇ ਕੀਤੇ, ਜਿਸ ਨਾਲ ਇਹ ਦਿਨ ਰੋਸ਼ਨੀ, ਹਾਸੇ ਅਤੇ ਪਿਆਰ ਦਾ ਪ੍ਰਤੀਕ ਬਣ ਗਿਆ। ਮੁਹਾਲੀ ਅਤੇ ਚੰਡੀਗੜ੍ਹ ਦੇ ਰਾਮ ਦਰਬਾਰ ਦੇ ਪਬਲਿਕ ਪਾਰਕ ਵਿਖੇ ਕਰਵਾਏ ਗਏ ਇਨ੍ਹਾਂ ਸਮਾਗਮਾਂ ਵਿਚ ਉਸ ਪਹਿਲਕਦਮੀ ਨੂੰ ਹੋਰ ਵਿਸ਼ਵਾਸ ਨਾਲ ਰੁਸ਼ਨਾਇਆ ਕਿ ਦੀਵਾਲੀ ਦਾ ਅਸਲ ਤੱਤ ਸਿਰਫ਼ ਸਜਾਵਟ ਅਤੇ ਰੌਣਕ ਤੱਕ ਸੀਮਿਤ ਨਹੀਂ ਹੈ, ਬਲਕਿ ਇਹ ਉਸ ਖੁਸ਼ੀ 'ਚ ਵਸਦਾ ਹੈ ਜੋ ਅਸੀਂ ਦੂਜਿਆਂ ਨਾਲ ਸਾਂਝੀ ਕਰਦੇ ਹਾਂ। ਇਸ ਮੌਕੇ ਸੰਸਥਾਪਕ ਚਾਂਸਲਰ ਰਸ਼ਪਾਲ ਸਿੰਘ ਧਾਲੀਵਾਲ ਨੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਦੀਵਾਲੀ ਦੀ ਚਮਕ ਉਨ੍ਹਾਂ ਦੀਵਿਆਂ 'ਚ ਨਹੀਂ ਹੈ, ਜੋ ਅਸੀਂ ਆਪਣੇ ਘਰਾਂ 'ਚ ਜਗਾਉਂਦੇ ਹਾਂ, ਸਗੋਂ ਉਨ੍ਹਾਂ ਮੁਸਕਾਨਾਂ 'ਚ ਹੈ, ਜੋ ਅਸੀਂ ਦੂਜਿਆਂ ਦੇ ਚਿਹਰਿਆਂ 'ਤੇ ਲਿਆਉਂਦੇ ਹਾਂ। ਉਨ੍ਹਾਂ ਕਿਹਾ ਕਿ 'ਉੱਜਵਲ ਦੀਵਾਲੀ' ਦੇ ਜ਼ਰੀਏ ਸਾਡਾ ਉਦੇਸ਼ ਦਇਆ, ਸਥਿਰਤਾ ਅਤੇ ਆਪਸੀ ਸਾਂਝ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਕਿਹਾ ਕਿ 'ਉੱਜਵਲ ਦੀਵਾਲੀ-2025' ਸਿਰਫ਼ ਇਕ ਸਮਾਗਮ ਨਹੀਂ ਹੈ, ਸਗੋਂ ਇਹ ਸੁਚੇਤ ਜਸ਼ਨ ਅਤੇ ਸਾਂਝੀ ਮਾਨਵਤਾ ਦੀ ਇਕ ਲਹਿਰ ਹੋ ਨਿਬੜੀ।

ਸੀ. ਜੀ. ਸੀ. ਯੂਨੀਵਰਸਿਟੀ ਦੇ ਸੰਸਥਾਪਕ ਚਾਂਸਲਰ ਰਸ਼ਪਾਲ ਸਿੰਘ ਧਾਲੀਵਾਲ 'ਉੱਜਵਲ ਦੀਵਾਲੀ' ਸਮਾਗਮ ਦੌਰਾਨ ਲੋੜਵੰਦ ਬੱਚਿਆਂ ਅਤੇ ਪਰਿਵਾਰਾਂ ਨੂੰ ਸਵਦੇਸ਼ੀ ਦੀਵੇ ਅਤੇ ਹੋਰ ਸਾਮਾਨ ਵੰਡਦੇ ਹੋਏ। ਅਜੀਤ ਤਸਵੀਰ

ਏਸ਼ੀਅਨ ਟੈਨਿਸ ਵਿਚ ਦੇਸ਼ ਲਈ ਦੋ ਟਾਈਟਲ ਜਿੱਤਣ ਵਾਲੇ ਮਹੀਜਿੱਤ ਸਿੰਘ ਕੌੜਾ ਦਾ ਚੰਡੀਗੜ੍ਹ ਪ੍ਰੈੱਸ ਕਲੱਬ 'ਚ ਭਰਵਾਂ ਸਵਾਗਤ

ਅਲਕਰਾਜ ਕਾਰਲੋਸ ਵਲੋਂ ਸਥਾਪਿਤ ਰਿਕਾਰਡਤੋੜ ਕੇ ਦਿਖਾਵਾਂਗਾ ਜਲਦੀ-ਮਹੀਜਿੱਤ ਸਿੰਘ ਕੌੜਾ

ਚੰਡੀਗੜ੍ਹ, 19 ਅਕਤੂਬਰ (ਅਜਾਇਬ ਸਿੰਘ ਔਜਲਾ)- ਏਸ਼ੀਅਨ ਟੈਨਿਸ ਫੈਡਰੇਸ਼ਨ ਵਲੋਂ ਕਰਵਾਏ ਗਏ ਟੈਨਿਸ ਅੰਡਰ-14 ਲੜਕਿਆਂ ਦੇ ਮੁਕਾਬਲੇ ਵਿਚ, ਭਾਰਤ (ਇੰਡੀਆ) ਦੀ ਨੁਮਾਇੰਦਗੀ ਕਰਦਿਆਂ ਮਹੀਜਿੱਤ ਸਿੰਘ ਕੌੜਾ ਨੇ ਦੋ ਮੈਡਲ ਜਿੱਤ ਕੇ ਦੇਸ਼ ਦਾ ਨਾਮ ਰੋਸ਼ਨ ਕੀਤਾ ਹੈ। ਇਸ ਮੌਕੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਖਿਡਾਰੀ ਮਹੀਜਿੱਤ ਸਿੰਘ ਕੌੜਾ ਨੇ ਕਿਹਾ ਕਿ ਉਨ੍ਹਾਂ ਆਸਟ੍ਰੇਲੀਆ, ਹਾਂਗਕਾਂਗ ਅਤੇ ਭੂਟਾਨ ਦੇ ਖਿਡਾਰੀਆਂ ਨਾਲ ਫਸਵੇਂ ਮੈਚਾਂ ਵਿਚ ਸ਼ਾਨਦਾਰ ਜਿੱਤਾਂ ਦਰਜ ਕੀਤੀਆਂ। ਇਸ ਮੁਕਾਬਲੇ ਵਿਚ ਸਾਰੇ ਏਸ਼ੀਆਈ ਮੁਲਕਾਂ (ਏਸ਼ੀਅਨ ਮੁਲਕਾਂ) ਵਿਚੋਂ 32 ਖਿਡਾਰੀਆਂ ਨੇ ਹਿੱਸਾ ਲਿਆ ਸੀ। ਆਪਣੇ ਫਾਈਨਲ ਮੁਕਾਬਲਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਫਾਈਨਲ ਮੈਚ ਕੁਇੰਡਨ ਰਿਗਜੈ ਡਰਜੀ ਨਾਲ ਇਕ ਰੋਚਕ ਮੁਕਾਬਲਾ ਸੀ। ਭਾਰਤ ਨੇ ਇਹ ਮੈਚ 06-01, 06-00 ਅੰਕਾਂ ਨਾਲ ਜਿੱਤਿਆ। ਇਸੇ ਤਰ੍ਹਾਂ ਮਹੀਜਿੱਤ ਸਿੰਘ ਕੌੜਾ ਸਿੰਗਲ ਅਤੇ ਡਬਲ ਮੈਚਾਂ, ਦੋਵਾਂ ਵਿਚ ਚੈਂਪੀਅਨ ਰਹੇ। ਉਨ੍ਹਾਂ ਦੱਸਿਆ ਕਿ ਵਿਸ਼ੇਸ਼ ਜਿੱਤ 'ਚ ਫਾਈਨਲ ਮੁਕਾਬਲਾ ਭੂਟਾਨ ਦੇ ਖਿਡਾਰੀ ਨਾਲ ਸੀ, ਜਿੱਥੇ ਦਰਸ਼ਕ ਆਪਣੇ ਖਿਡਾਰੀ ਦਾ ਮਨੋਬਲ ਵਧਾਉਣ ਲਈ ਮੌਜੂਦ ਸਨ, ਪਰ ਇਸ ਸਥਿਤੀ ਵਿਚ ਵੀ ਜਿੱਤ ਦਰਜ ਕਰਨਾ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਮਹੀਜਿੱਤ ਸਿੰਘ ਕੌੜਾ ਦੀਆਂ ਜਿੱਤਾਂ ਦੀ ਗੱਲ ਕਰਦਿਆਂ ਭੂਟਾਨ ਟੈਨਿਸ ਫੈਡਰੇਸ਼ਨ ਨੇ ਆਪਣੀ ਵੈੱਬਸਾਈਟ 'ਤੇ ਖ਼ਾਸ ਤੌਰ 'ਤੇ ਲਿਖਿਆ ਹੈ ਕਿ ਮਾਸਟਰ ਸਟਰੋਕ ਕਾਰਨ ਇਸ ਨੌਜਵਾਨ ਨੇ ਜਿੱਤ ਪ੍ਰਾਪਤ ਕੀਤੀ ਹੈ। ਜਿੱਤ ਤੋਂ ਬਾਅਦ ਮਹੀਜਿੱਤ ਸਿੰਘ ਕੌੜਾ ਨੇ ਆਪਣੇ ਅਗਲੇ ਟੀਚੇ ਬਾਰੇ ਦੱਸਦਿਆਂ ਕਿਹਾ ਕਿ 19 ਸਾਲ ਦੀ ਉਮਰ ਵਿਚ ਅਲਕਰਾਜ ਕਾਰਲੋਸ ਨੇ ਵਿਸ਼ਵ ਭਰ ਵਿਚ ਨਵਾਂ ਰਿਕਾਰਡ ਬਣਾਇਆ ਸੀ ਅਤੇ ਉਸ ਦਾ ਟੀਚਾ ਹੈ ਕਿ ਉਹ ਇਸ ਰਿਕਾਰਡ ਨੂੰ ਜਲਦੀ ਹੀ ਤੋੜੇਗਾ। ਇਸੇ ਦੌਰਾਨ ਇਸ ਖਿਡਾਰੀ ਨੂੰ ਕੰਬੋਜ ਫੈਡਰੇਸ਼ਨ ਦੇ ਨਾਲ ਸ਼ਹੀਦ ਊਧਮ ਸਿੰਘ ਮੈਮੋਰੀਅਲ ਭਵਨ ਸੁਸਾਇਟੀ ਚੰਡੀਗੜ੍ਹ ਦੀ ਚੇਅਰਪਰਸਨ ਸ਼ਲਿੰਦਰ ਕੌਰ ਚੰਦੀ, ਮਨਜੀਤ ਸਿੰਘ ਕੰਬੋਜ, ਬਲਵਿੰਦਰ ਸਿੰਘ ਜੰਮੂ ਆਦਿ ਵਲੋਂ ਵੀ ਮਾਣ-ਸਨਮਾਨਾਂ ਦੇ ਕੇ ਨਿਵਾਜਿਆ ਗਿਆ। ਇਨ੍ਹਾਂ ਸਮਾਰੋਹਾਂ 'ਚ ਇਸ ਮੌਕੇ ਮਹੀਜਿੱਤ ਸਿੰਘ ਕੌੜਾ ਦਾ ਸਵਾਗਤ ਕਰਨ ਲਈ ਕੇਵਲ ਕੰਬੋਜ, ਸੰਦੀਪ ਸਿੰਘ ਕੌੜਾ, ਪਰਵਿੰਦਰ ਕੌਰ, ਰਜਿੰਦਰ ਕੌਰ, ਜਗਦੀਸ਼ ਬਿੰਦ, ਜ਼ਿਲ੍ਹਾ ਖੇਡ ਅਫ਼ਸਰ ਰੁਪੇਸ਼, ਐਡਵੋਕੇਟ ਸੁਨੀਲ ਮੱਲਣ,ਗੁਰਜੀਤ ਸਿੰਘ, ਭੁਪਿੰਦਰ ਸਿੰਘ ਢੋਟ, ਅਤੇ ਜਸਬੀਰ ਸਿੰਘ ਕੌੜਾ ਹਰਬੀਰ ਸਿੰਘ ਅੰਮ੍ਰਿਤਸਰ, ਇੰਦਰਜੀਤ ਸਿੰਘ ਨੱਢਾ ਆਦਿ ਨੇ ਵੀ ਸ਼ਿਰਕਤ ਕੀਤੀ।

ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਏਸ਼ੀਅਨ ਟੈਨਿਸ ਜੇਤੂ ਖਿਡਾਰੀ ਮਹੀਜਿੱਤ ਸਿੰਘ ਕੌੜਾ ਦੇ ਮਾਨ-ਸਨਮਾਨ ਸਮਾਰੋਹ ਦੌਰਾਨ ਚੇਅਰਪਰਸਨ ਸ਼ਲਿੰਦਰ ਕੌਰ ਚੰਦੀ, ਸੰਦੀਪ ਸਿੰਘ ਕੌੜਾ, ਮਨਜੀਤ ਸਿੰਘ ਕੰਬੋਜ,ਪਰਵਿੰਦਰ ਕੌਰ ਤੇ ਇੰਦਰਜੀਤ ਸਿੰਘ ਨੱਢਾ ਆਦਿ। ਤਸਵੀਰ : ਕਮਲਜੀਤ ਸਿੰਘ

ਫਸਟ ਫਰਾਈਡੇ ਫੋਰਮ ਦਾ 16ਵਾਂ ਸਾਲਾਨਾ ਲੈਕਚਰ-ਕਮ-ਪੁਰਸਕਾਰ ਸਮਾਰੋਹ ਦੌਰਾਨ ਆਰਕੀਟੈਕਚਰ ਸ਼ਿਵਾਤੀ, ਸੰਗੀਤਾ, ਦੀਪਕਾ ,ਵੀਨਾ, ਰੀਟਾ, ਡਾ.ਐਸ.ਐਸ.ਭੱਟੀ, ਸੁਰਿੰਦਰ ਬਾਘਾ, ਜਗਦੀਪ ਸਿੰਘ, ਧਰਮਵੀਰ, ਇੰਦਰ ਗੁਲਾਟੀ ਅਤੇ ਨਿਆਤੀ। ਤਸਵੀਰ : ਕਮਲਜੀਤ ਸਿੰਘ

ਫਸਟ ਫਰਾਈਡੇ ਫੋਰਮ ਦਾ 16ਵਾਂ ਸਾਲਾਨਾ ਲੈਕਚਰ-ਕਮ-ਪੁਰਸਕਾਰ ਸਮਾਰੋਹ ਕਰਵਾਇਆ

ਚੰਡੀਗੜ੍ਹ, 19 ਅਕਤੂਬਰ (ਅਜਾਇਬ ਸਿੰਘ ਔਜਲਾ) - ਫਸਟ ਫਰਾਈਡੇ ਫੋਰਮ (ਐਫ.ਐਫ.ਐਫ) ਦਾ ਸੋਲ੍ਹਵਾਂ ਸਾਲਾਨਾ ਲੈਕਚਰ-ਕਮ-ਪੁਰਸਕਾਰ ਸਮਾਰੋਹ ਚੰਡੀਗੜ੍ਹ ਕਾਲਜ ਆਫ਼ ਆਰਕੀਟੈਕਚਰ ਚੰਡੀਗੜ੍ਹ ਵਿਖੇ ਕਰਵਾਇਆ ਗਿਆ। ਬੌਧਿਕ ਉਤਸ਼ਾਹ ਅਤੇ ਭਾਵਨਾਤਮਕ ਗੂੰਜ ਨਾਲ ਭਰੇ ਇਸ ਸਮਾਗਮ ਨੇ ਅੰਤਰ-ਅਨੁਸ਼ਾਸਨੀ ਰਚਨਾਤਮਕਤਾ, ਅਕਾਦਮਿਕ ਉੱਤਮਤਾ, ਅਤੇ ਸਥਾਈ ਅਧਿਆਪਕ-ਵਿਦਿਆਰਥੀ ਬੰਧਨ ਦਾ ਜਸ਼ਨ ਮਨਾਇਆ ਜੋ ਡਾ. ਭੱਟੀ ਦੇ ਜੀਵਨ ਅਤੇ ਵਿਰਾਸਤ ਨੂੰ ਉਜਾਗਰ ਕਰਦਾ ਹੈ। ਫਸਟ ਫਰਾਈਡੇ ਫੋਰਮ ਇੱਕ ਸੰਸਥਾ ਹੈ ਜੋ 1999 ਵਿੱਚ ਡਾ. ਐਸ.ਐਸ. ਭੱਟੀ ਦੁਆਰਾ ਸਥਾਪਿਤ ਕੀਤੀ ਗਈ ਸੀ, ਜੋ ਕਿ ਚੰਡੀਗੜ੍ਹ ਸੀ.ਸੀ.ਏ. ਦੇ ਸੰਸਥਾਪਕ-ਅਧਿਆਪਕ ਅਤੇ ਸਾਬਕਾ ਪ੍ਰਿੰਸੀਪਲ ਸਨ। ਮੁੱਖ ਆਕਰਸ਼ਣ ਡਾ. ਐਸ.ਐਸ. ਭੱਟੀ ਦਾ ਸਾਲਾਨਾ ਲੈਕਚਰ ਸੀ, ਜਿਸਦਾ ਦੂਰ-ਦਰਸ਼ੀ ਥੀਮ 'ਜੰਗਲਾਤ-ਸ਼ਹਿਰੀਵਾਦ: ਮੈਨੀਫੈਸਟੋ ਤੋਂ ਆਦੇਸ਼ ਤੱਕ - ਸਦੀਵੀ ਜੀਵਨ ਦੇ ਸਾਹ ਲਈ ਭਾਰਤ ਨੂੰ ਮੁੜ ਹਰਿਆਲੀ ਦੇਣਾ' ਸੀ। ਉਨ੍ਹਾਂ ਦੇ ਪ੍ਰਭਾਵਸ਼ਾਲੀ ਅਤੇ ਭਵਿੱਖਬਾਣੀ ਭਾਸ਼ਣ ਨੇ ਸ਼ਹਿਰੀ ਯੋਜਨਾਬੰਦੀ ਵਿਚ ਵਾਤਾਵਰਨ ਚੇਤਨਾ ਨੂੰ ਜੋੜਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਆਰਕੀਟੈਕਚਰ, ਸਭਿਅਤਾ ਦਾ ਮੈਟ੍ਰਿਕਸ, ਨੂੰ ਕੁਦਰਤ ਨਾਲ ਆਪਣੇ ਇਕਰਾਰਨਾਮੇ ਨੂੰ ਮੁੜ ਖੋਜਣਾ ਚਾਹੀਦਾ ਹੈ। ਵਿਗਿਆਨਕ ਸੂਝ ਨੂੰ ਅਧਿਆਤਮਿਕ ਡੂੰਘਾਈ ਨਾਲ ਜੋੜਦੇ ਹੋਏ, ਭਾਸ਼ਣ ਨੂੰ ਪੇਸ਼ੇਵਰਾਂ, ਵਿਦਿਆਰਥੀਆਂ ਅਤੇ ਮੀਡੀਆ ਦੇ ਵਿਸ਼ਾਲ ਦਰਸ਼ਕਾਂ ਤੋਂ ਲੰਬੀ ਤਾੜੀਆਂ ਮਿਲੀਆਂ। ਸਨਮਾਨ ਸਮਾਰੋਹ ਦਾ ਸੰਚਾਲਨ ਰੀਟਾ ਭੱਟੀ ਅਤੇ ਡਾ. ਐਸ.ਐਸ. ਭੱਟੀ ਦੁਆਰਾ ਕੀਤਾ ਗਿਆ। ਪ੍ਰੋ. ਵੀਨਾ ਗੈਰੋਲਾ ਨੂੰ ਆਰਕੀਟੈਕਚਰਲ ਸਿੱਖਿਆ ਅਤੇ ਸ਼ਹਿਰੀ ਯੋਜਨਾਬੰਦੀ ਵਿਚ ਉਨ੍ਹਾਂ ਦੇ ਵਿਲੱਖਣ ਯੋਗਦਾਨ ਲਈ; ਆਰਕੀਟੈਕਟ ਦੀਪਿਕਾ ਟੁਟੇਜਾ ਨੂੰ ਸਥਿਰਤਾ ਵਿਚ ਉਨ੍ਹਾਂ ਦੇ ਮੋਹਰੀ ਕੰਮ ਅਤੇ ਉਨ੍ਹਾਂ ਦੇ ਕਲਾਕਾਰ ਸਾਸਵਤੀ ਚੌਧਰੀ ਨੂੰ ਕਲਾ ਅਤੇ ਅਜਾਇਬ-ਸ਼ਾਸਤਰ ਵਿਚ ਉਨ੍ਹਾਂ ਦੀ ਬਹੁਪੱਖੀ ਉੱਤਮਤਾ ਲਈ; ਅਤੇ ਕਲਾਕਾਰ-ਡਿਜ਼ਾਈਨਰ ਧਰਮਵੀਰ ਨੂੰ ਗ੍ਰਾਫਿਕ ਡਿਜ਼ਾਈਨ ਅਤੇ ਵਿਜ਼ੂਅਲ ਸੰਚਾਰ ਵਿਚ ਚਾਰ ਦਹਾਕਿਆਂ ਦੀ ਉੱਤਮਤਾ ਲਈ ਫਸਟ ਫਰਾਈਡੇ ਫੋਰਮ ਅਵਾਰਡ ਪੇਸ਼ ਕੀਤਾ ਗਿਆ। ਇਸ ਤੋਂ ਇਲਾਵਾ, ਪੰਜਾਬ ਯੂਨੀਵਰਸਿਟੀ ਵਿਚ ਉਨ੍ਹਾਂ ਦੇ ਸੁਹਜ ਅਤੇ ਟਿਕਾਊ ਆਰਕੀਟੈਕਚਰਲ ਕੰਮ ਲਈ ਏ.ਆਰ. ਇੰਦਰ ਗੁਲਾਟੀ ਨੂੰ ਰਚਨਾਤਮਕ ਉੱਤਮਤਾ ਲਈ ਪਹਿਲਾ ਸ਼ੁੱਕਰਵਾਰ ਫੋਰਮ ਅਵਾਰਡ ਪੇਸ਼ ਕੀਤਾ ਗਿਆ। ਮਹਿਮਾਨ ਵਜੋਂ, ਪ੍ਰਸਿੱਧ ਆਰਕੀਟੈਕਟ, ਲੇਖਕ ਅਤੇ ਨਾਗਰਿਕ ਨੇਤਾ ਸੁਰਿੰਦਰ ਬਾਹਗਾ ਨੇ ਆਪਣੇ ਸੰਬੋਧਨ ਵਿਚ ਡਾ. ਭੱਟੀ ਦੇ ਪ੍ਰਸਤਾਵ ਦਾ ਸਮਰਥਨ ਕੀਤਾ ਅਤੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਹਰਿਆਣਾ ਲਈ ਨਵੀਂ ਰਾਜਧਾਨੀ ਪ੍ਰੋਜੈਕਟ ਸ਼ੁਰੂ ਕਰਨ ਦੀ ਅਪੀਲ ਕੀਤੀ। ਸਮਾਰੋਹ ਦੀ ਪ੍ਰਧਾਨਗੀ ਡਾ. ਸੰਗੀਤਾ ਬੱਗਾ ਮਹਿਤਾ, ਪ੍ਰਿੰਸੀਪਲ, ਸੀ.ਸੀ.ਏ. ਨੇ ਕੀਤੀ। ਉਨ੍ਹਾਂ ਨੇ ਇਸ ਸਮਾਗਮ ਨੂੰ ਉੱਤਮਤਾ ਦੀ ਘਰ